**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

**(Through Website)**

ਸੇਵਾ ਵਿਖੇ,

1) ਸਮੂਹ ਮੰਡਲ ਸਿੱਖਿਆ ਅਫਸਰ(ਸੈਸਿ), ਪੰਜਾਬ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐ;ਸਿ),ਪੰਜਾਬ।
3) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ ਵਿੱਚ।

ਮੀਮੋ ਨੰ; 10/164-2017 ਸੈ ਸਿ ੬)
ਮਿਤੀ ਚੰਡੀਗੜ੍ਹ 13-10-17

ਵਿਸ਼ਾ ; ਸਕੂਲ ਮੁਖੀਆਂ (ਡੀ.ਡੀ.ਓਜ਼) ਦੀਆਂ ਵਿੱਤੀ ਪ੍ਰਵਾਨਗੀਆਂ ਦੇ ਸਬੰਧੀ ਪਾਵਰਾਂ ਵਿੱਚ ਵਾਧਾ ਕਰਨ ਬਾਰੇ।

ਸਮੂਹ ਮੰਡਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ ਅਤੇ ਸਕੂਲ ਮੁਖੀਆਂ ਨਾਲ ਕੀਤੀ ਗਈ ਮੀਟਿੰਗ ਦੋਰਾਂਨ ਸਕੂਲ ਮੁਖੀਆਂ ਵੱਲੋਂ ਇਹ ਮੁੱਦਾ ਉਠਾਇਆ ਗਿਆ ਸੀ ਕਿ ਉਨ੍ਹਾਂ ਪਾਸ ਵਿੱਤੀ ਪਾਵਰਾਂ ਨਾ ਹੋਣ ਕਾਰਣ ਫੰਡਜ਼ ਉਪਲੱਬਧ ਹੋਣ ਦੇ ਬਾਵਜੂਦ ਵੀ ਉਹ ਇਨ੍ਹਾਂ ਫੰਡਾਂ ਦੀ ਵਰਤੋਂ ਸਕੂਲ ਅਤੇ ਬੱਚਿਆਂ ਦੀ ਪੜ੍ਹਾਈ ਲਈ ਖਰਚ ਨਹੀਂ ਕਰ ਸਕਦੇ। ਸਾਲ 2010 ਵਿੱਚ ਪੀ.ਟੀ.ਏ ਫੰਡ ਅਤੇ ਸਪੋਰਟਸ ਫੰਡ ਤੋਂ ਇਲਾਵਾ ਬਾਕੀ ਸਾਰੇ ਫੰਡਾਂ ਨੂੰ ਇੱਕਠਾ ਕਰਕੇ ਅਮਲਗਾਮੇਟਿਡ ਫੰਡ ਬਣਾ ਦਿੱਤਾ ਗਿਆ ਸੀ। ਨਵੇਂ ਫੰਡ ਸਟ੍ਰਕਚਰ ਸਬੰਧੀ ਕੀਤੇ ਗਏ ਹੁਕਮਾਂ ਵਿੱਚ ਇਨ੍ਹਾਂ ਦੇ ਖਰਚੇ ਲਈ ਪ੍ਰਬੰਧਕੀ ਪ੍ਰਵਾਨਗੀ ਜਾਂ ਵਿੱਤੀ ਪ੍ਰਵਾਨਗੀ ਦੇਣ ਸਬੰਧੀ ਸਮਰੱਥ ਅਧਿਕਾਰੀ ਦਾ ਕੋਈ ਜਿਕਰ ਨਹੀ ਹੈ। ਇਸ ਲਈ ਸਕੂਲ ਅਤੇ ਬੱਚਿਆ ਦੀ ਭਲਾਈ ਲਈ ਵਿਭਾਗ ਦੇ ਪਿੱਠ ਅੰਕਣ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2009/458-502 ਮਿਤੀ 04-01-2010 ਵਿੱਚ ਦਰਸਾਏ ਗਏ ਮੰਤਵਾਂ ਲਈ ਅਮਲਗਾਮੇਟਿਡ ਫੰਡ/ਪੀ.ਟੀ.ਏ ਫੰਡ ਤਹਿਤ ਖਰਚੇ ਸਬੰਧੀ ਸਕੂਲ ਮੁਖੀਆਂ ਅਤੇ ਉਸਤੋਂ ਉੱਪਰਲੇ ਅਧਿਕਾਰੀਆਂ ਨੂੰ ਹੇਠ ਲਿਖੇ ਅਨੁਸਾਰ ਵਿੱਤੀ ਪਾਵਰਾਂ ਦਿੱਤੀਆਂ ਜਾਂਦੀਆਂ ਹਨ:-

| | | | |
|---|---|---|---|
| 1 | ਸਕੂਲ ਮੁਖੀ | 60,000/-ਰੁਪਏ | ਕਿਸੇ ਇੱਕ ਆਈਟਮ/ਪ੍ਰੋਜੈਕਟ ਦੇ ਖਰਚੇ ਲਈ |
| 2 | ਜਿਲ੍ਹਾ ਸਿੱਖਿਆ ਅਫਸਰ | 1,00000/-ਰੁਪਏ | |
| 3 | ਵਿਭਾਗ ਦਾ ਮੁਖੀ | ਫੁੱਲ ਪਾਵਰਜ਼ | |

ਇਨ੍ਹਾਂ ਪਾਵਰਾਂ ਦੀ ਵਰਤੋਂ ਨਿਯਮਾਂ/ਹਦਾਇਤਾਂ ਅਨੁਸਾਰ ਕੀਤੀ ਜਾਵੇ।

**ਸਕੱਤਰ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ**

ਪਿੱਠ ਅੰਕਣ ਨੰ: ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ ਨਗਰ।
2 ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ, ਐਸ.ਏ.ਐਸ ਨਗਰ।
3 ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਐਸ.ਏ.ਐਸ ਨਗਰ।

**ਸਕੱਤਰ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ**